ਖੰਨਾ ਜਗਰਾਉਂ
ਅਜੀਤ, ਜਲੰਧਰ
ਅਜੀਤ
ਸੋਮਵਾਰ, 9 ਦਸੰਬਰ 2024

ਪਿੰਡ ਰੁਪਾਲੋਂ ਵਿਖੇ ਸ਼ੁਕਰਾਨਾ ਸਮਾਗਮ ਕਰਨ ਉਪਰੰਤ ਨਵੀਂ ਪੰਚਾਇਤ ਨੂੰ ਸਨਮਾਨਿਤ ਕਰਦੇ ਹੋਏ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨਾਲ ਚੇਅਰਮੈਨ ਭਗਵਾਨ ਸਿੰਘ ਰੁਪਾਲੋਂ। ਤਸਵੀਰ : ਜੰਟੀ ਮਾਨ

ਪਿੰਡ ਰੁਪਾਲੋਂ ਦੀ ਪੰਚਾਇਤ ਨੇ ਕਰਵਾਇਆ ਸ਼ੁਕਰਾਨਾ ਸਮਾਗਮ

ਬੀਜਾ, 8 ਦਸੰਬਰ (ਅਵਤਾਰ ਸਿੰਘ ਜੰਟੀ ਮਾਨ)-ਪਿੰਡ ਰੁਪਾਲੋਂ ਦੀ ਨਵੀਂ ਬਣੀ ਪੰਚਾਇਤ ਵਲੋਂ ਗੁਰਦੁਆਰਾ ਸਾਹਿਬ ਵਿਖੇ ਸ਼ੁਕਰਾਨਾ ਤੇ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ 'ਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦੀ ਹਾਜ਼ਰੀ ਭਾਈ ਕੁਲਦੀਪ ਸਿੰਘ ਬਰਮਾਲੀਪੁਰ ਵਾਲਿਆਂ ਦੇ ਜਥੇ ਵਲੋਂ ਭਰੀ ਗਈ। ਸਮਾਗਮ 'ਚ ਹਲਕਾ ਸਮਰਾਲਾ ਦੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਹਲਕਾ ਵਿਧਾਇਕ ਜਗਤਾਰ ਸਿੰਘ, ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਬੀਬੀ ਬਲਜਿੰਦਰ ਕੌਰ ਖੀਰਨੀਆਂ ਸਮੇਤ ਹੋਰ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚੇ ਹਨ। ਸਮਾਗਮ ਨੂੰ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਅਤੇ ਲੁਧਿਆਣਾ ਡੀ. ਐਮ. ਸੀ. ਹਸਪਤਾਲ ਦੇ ਡਾ. ਗੁਰਪ੍ਰੀਤ ਸਿੰਘ ਬਰਾੜ ਨੇ ਸੰਬੋਧਨ ਕੀਤਾ ਗਿਆ। ਇਸ ਸਮੇਂ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੇ ਕਿਹਾ ਕਿ ਚੇਅਰਮੈਨ ਭਗਵਾਨ ਸਿੰਘ ਦੇ ਪਰਿਵਾਰ ਵਲੋਂ ਪਿਛਲੇ 20-2 ਸਾਲਾਂ ਤੋਂ ਲਗਾਤਾਰ ਪਿੰਡ ਦੀ ਸੇਵਾ ਕੀਤੀ ਜਾ ਰਹੀ ਹੈ। ਭਗਵਾਨ ਸਿੰਘ ਰੁਪਾਲੋਂ ਦੇ ਯਤਨ ਸਦਕਾ ਪਿੰਡ ਦੇ ਸਰਕਾਰੀ ਸਕੂਲ ਨੂੰ ਅਪਗਰੇਡ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ

ਹਲਕਾ ਵਿਧਾਇਕ ਤੇ ਸਾਬਕਾ ਵਿਧਾਇਕ ਖੀਰਨੀਆਂ ਸਰਪੰਚ ਸਮੇਤ ਮੈਂਬਰਾਂ ਦਾ ਸਨਮਾਨ

ਵਲੋਂ ਸਰਪੰਚ ਸੁਖਦੇਵ ਸਿੰਘ ਦੀ ਅਗਵਾਈ ਹੇਠ ਪਿੰਡ ਨੂੰ ਸਾਫ਼ ਸੁਥਰਾ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾਣਗੇ। ਡਾ. ਗੁਰਪ੍ਰੀਤ ਨੇ ਕਿਹਾ ਕਿ ਸਾਨੂੰ ਬਾਹਰਲਿਆਂ ਮੁਲਕਾਂ ਵਿਚ ਜਾਣ ਦੀ ਲੋੜ ਨਹੀਂ ਜੇ ਅਸੀਂ ਆਪਣੇ ਪਿੰਡਾਂ ਨੂੰ ਠੀਕ ਕਰ ਲਈਏ। ਸਮਾਗਮ ਦੀ ਅੰਤ 'ਚ ਪਿੰਡ ਰੁਪਾਲੋਂ ਦੀ ਪੰਚਾਇਤ ਸਮੇਤ ਇਲਾਕੇ ਦੀਆਂ ਪੰਚਾਇਤਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਚੇਅਰਮੈਨ ਭਗਵਾਨ ਸਿੰਘ, ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਸਰਬਜੀਤ ਸਿੰਘ ਸਰਬੀ ਰੁਪਾਲੋਂ, ਪਰਗਟ ਸਿੰਘ ਭੌਰਲਾ, ਰਣਜੋਤ ਸਿੰਘ ਸ਼ੇਰਗਿੱਲ ਰੁਪਾਲੋਂ, ਸਰਪੰਚ ਜਸਵਿੰਦਰ ਸਿੰਘ ਮੰਜਾਲੀਆਂ, ਸਰਪੰਚ ਸਰਬਜੀਤ ਸਿੰਘ ਟਮਕੌਦੀ, ਹਰਪਾਲ ਸਿੰਘ ਪਾਲੀ, ਗੁਰਸੇਵਕ ਸਿੰਘ ਮੰਜਾਲੀਆਂ, ਗੁਰਦੀਪ ਸਿੰਘ ਦੀਪਾ, ਬਲਪ੍ਰੀਤ ਸਿੰਘ ਸ਼ਾਮਗੜ੍ਹ, ਨਵਨੀਤ ਸਿੰਘ ਪੀ. ਏ., ਪੰਚ ਅੰਗਰੇਜ਼ ਸਿੰਘ, ਪੰਚ ਗੁਰਤੇਜ ਸਿੰਘ, ਪੰਚ ਗੁਰਮੇਲ ਸਿੰਘ, ਪੰਚ ਹਰਨੇਕ ਸਿੰਘ ਲੰਬੜਦਾਰ, ਪੰਚ ਮਨਜੀਤ ਕੌਰ, ਪੰਚ ਜਸਪ੍ਰੀਤ ਕੌਰ, ਪੰਚ ਗੁਰਪ੍ਰੀਤ ਕੌਰ, ਜਗਤਾਰ ਸਿੰਘ ਕਾਲਾ, ਰਜਿੰਦਰ ਸਿੰਘ ਜੱਲ੍ਹਾ, ਡਾਕਟਰ ਹਰਬੰਸ ਸਿੰਘ ਮਾਨ, ਬਲਦੇਵ ਸਿੰਘ ਮਾਨ, ਜਸਵੰਤ ਸਿੰਘ ਬੀਜਾ, ਬਿਰਜ ਲਾਲ, ਡਾ. ਰਣਜੋਤ ਸਿੰਘ, ਪੁਨੀਤ ਪਾਲ ਸਿੰਘ, ਕਿਸਾਨ ਆਗੂ ਹਰਪਾਲ ਸਿੰਘ, ਸਰਜੀਤ ਸਿੰਘ, ਅਵਤਾਰ ਸਿੰਘ ਤਾਰੀ, ਨਿਰਮਲ ਸਿੰਘ, ਅਮਰੀਕ ਸਿੰਘ ਆਦਿ ਸਮੇਤ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

ਯੂਨਾਈਟਿਡ ਸਿੱਖ ਮਿਸ਼ਨ, ਯੂ. ਐੱਸ. ਏ. ਦੇ ਸਹਿਯੋਗ ਨਾਲ ਅਕਾਲੀ ਨੇਤਾ ਯਾਦੂ ਦੀ ਅਗਵਾਈ 'ਚ ਚਿੱਟੇ ਮੋਤੀਏ ਦੇ ਮੁਫ਼ਤ ਆਪ੍ਰੇਸ਼ਨ ਦਾ ਕੈਂਪ ਲਗਾਏ

ਖੰਨਾ, 8 ਦਸੰਬਰ (ਹਰਜਿੰਦਰ ਸਿੰਘ ਲਾਲ)-ਆਮ ਲੋਕਾਂ ਦੀ ਭਲਾਈ ਲਈ ਯੂਨਾਈਟਿਡ ਸਿੱਖ ਮਿਸ਼ਨ, ਯੂ. ਐੱਸ. ਏ. ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਹਲਕਾ ਖੰਨਾ ਦੇ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ 'ਚ ਅੱਖਾਂ ਦੀ ਮੁਫ਼ਤ ਜਾਂਚ ਤੇ ਚਿੱਟੇ ਮੋਤੀਏ ਦੇ ਮੁਫ਼ਤ ਆਪ੍ਰੇਸ਼ਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ 'ਚ ਅਨਾਜ ਮੰਡੀ ਖੰਨਾ 'ਚ ਕੈਂਪ ਲਗਾਇਆ ਗਿਆ। ਕੈਂਪ 'ਚ ਵੱਡੀ ਗਿਣਤੀ 'ਚ ਮਰੀਜ਼ਾਂ ਨੇ ਲਾਹਾ ਲਿਆ, ਜਿਸ 'ਚ ਡਾ. ਰਜਿੰਦਰ ਸਿੰਘ ਲੁਧਿਆਣਾ ਵਾਲੇ ਡਾਕਟਰ ਸੁਆਮੀ ਤੇ ਉਨ੍ਹਾਂ ਦੀ ਟੀਮ ਵਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ। ਯਾਦਵਿੰਦਰ ਸਿੰਘ ਯਾਦੂ ਨੇ ਦੱਸਿਆ ਕਿ ਕੈਂਪ 'ਚ ਅੱਖਾਂ ਦੇ ਟੈੱਸਟ, ਆਪ੍ਰੇਸ਼ਨ, ਲੈਂਜ, ਦਵਾਈਆਂ, ਐਨਕਾਂ ਆਦਿ ਸਭ ਕੁੱਝ ਮੁਫ਼ਤ ਕੀਤਾ ਗਿਆ। ਜਿਹੜੇ ਮਰੀਜ਼ਾਂ ਦੇ ਆਪ੍ਰੇਸ਼ਨ ਹੋਣੇ ਹਨ, ਉਨ੍ਹਾਂ ਨੂੰ ਹਸਪਤਾਲ ਤੱਕ ਲੈ ਕੇ ਆਉਣ-ਜਾਣ ਲਈ ਬੱਸਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਯਾਦੂ ਨੇ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਲਗਾਤਾਰ ਉਪਰਾਲੇ ਕੀਤੇ ਜਾਂਦੇ ਰਹਿਣਗੇ। ਅੱਜ ਵੀ ਸਮਾਜ 'ਚ ਅਜਿਹੇ ਬਹੁਤ ਸਾਰੇ ਲੋਕ ਹਨ, ਜੋ ਆਪਣੀਆਂ ਬਿਮਾਰੀਆਂ ਆਦਿ ਦਾ ਬਿਹਤਰ ਇਲਾਜ ਨਹੀਂ ਕਰਵਾ ਸਕਦੇ, ਉਨ੍ਹਾਂ ਦੀ ਸਹਾਇਤਾ ਲਈ ਕੈਂਪ ਲਗਾਇਆ ਗਿਆ। ਇਸ ਮੌਕੇ ਸੀਨੀਅਰ

ਚਿੱਟੇ ਮੋਤੀਏ ਦੇ ਮੁਫ਼ਤ ਆਪ੍ਰੇਸ਼ਨ ਦੇ ਕੈਂਪ ਦੌਰਾਨ ਯਾਦਵਿੰਦਰ ਸਿੰਘ ਯਾਦੂ ਤੇ ਹੋਰ। ਤਸਵੀਰ : ਸੋਨੀ ਗਿੱਲ

ਅਕਾਲੀ ਆਗੂ ਰਣਵੀਰ ਸਿੰਘ ਖੱਟੜਾ, ਮੋਹਣ ਸਿੰਘ ਜਟਾਣਾ, ਹਰਜੰਗ ਸਿੰਘ ਗਿੱਲ, ਸੁਰਿੰਦਰ ਤਿਵਾੜੀ, ਬਲਜੀਤ ਸਿੰਘ ਭੁੱਲਰ, ਗੌਤਮ ਕੁਮਾਰ, ਕਮਲਜੀਤ ਸਿੰਘ ਬਾਵਾ, ਮਨੂੰ ਗੋਇਲ, ਗੁਰਜੀਤ ਸਿੰਘ ਨਾਗਰਾ, ਸਾਬਕਾ ਕੌਂਸਲਰ ਕ੍ਰਿਸ਼ਨ ਪਾਲ, ਗਗਨਦੀਪ ਕੌਰ ਕਾਲੀ ਰਾਓ, ਸ਼ਮਸ਼ੇਰ ਸਿੰਘ ਇਕੋਲਾਹੀ, ਅਜਮੇਰ ਸਿੰਘ ਇਕੋਲਾਹੀ, ਰਾਜਪਾਲ ਸਿੰਘ ਧਾਲੀਵਾਲ, ਲੱਖੀ ਬੈਨੀਪਾਲ ਰੋਹਣੋਂ, ਅਰਜਿੰਦਰ ਸਿੰਘ ਬਿੱਟੂ, ਹਰਪ੍ਰੀਤ ਸਿੰਘ ਕਾਲਾ, ਪ੍ਰਧਾਨ ਹਰਦਿਆਲ ਸਿੰਘ, ਮਨਜੋਤ ਸਿੰਘ ਮੋਨੂੰ, ਗੁਰਦੀਪ ਸਿੰਘ ਦੀਪਾ, ਬਲਜਿੰਦਰ ਸਿੰਘ ਬਿੰਦੀ ਸੋਥੋਂ, ਚਰਨਜੀਤ ਸਿੰਘ ਬੁਲੇਪੁਰ, ਪ੍ਰਗਟ ਸਿੰਘ ਫਤਿਹਪੁਰ, ਦਲਵੀਰ ਸਿੰਘ ਮਾਨੂੰਪੁਰ, ਇੰਦਰਜੀਤ ਸਿੰਘ ਲਲਹੇੜੀ, ਅਰਸ਼ਦੀਪ ਸਿੰਘ ਵਿੱਕੀ, ਜਗਜੀਤ ਸਿੰਘ ਲਲਹੇੜੀ, ਗੁਰਤੇਜ ਸਿੰਘ, ਅਵਤਾਰ ਸਿੰਘ ਘੁੰਗਰਾਲੀ ਰਾਜਪੂਤਾਂ, ਰਵਿੰਦਰ ਕੁਮਾਰ ਬਿੱਟੂ, ਨੇਤਰ ਸਿੰਘ, ਜਗਦੀਸ਼ ਸਿੰਘ ਕੋਟਾਂ, ਬਲਜਿੰਦਰ ਸਿੰਘ ਬੁੱਲੇਪੁਰ, ਕਰਨ ਰੋਸਾ, ਸਾਹਿਬ ਰੋਸ਼ਾ, ਕੁਲਬੀਰ ਸਿੰਘ ਪਾਇਲ, ਬਲਵੰਤ ਸਿੰਘ ਲੋਹਟ, ਗੁਰਸ਼ਰਨ ਸਿੰਘ ਲਾਲੂ, ਸ਼ਮਸ਼ੇਰ ਸਿੰਘ ਫੈਜਗੜ੍ਹ, ਲਖਬੀਰ ਸਿੰਘ ਫ਼ੈਜਗੜ੍ਹ, ਬਲਦੇਵ ਸਿੰਘ ਫੈਜ਼ਗੜ੍ਹ, ਜਸਵੀਰ ਸਿੰਘ ਇਕੋਲਾਹਾ, ਜੱਸੀ ਕਾਲੀਰਾਓ, ਗੁਰਪਾਲ ਸਿੰਘ ਖੰਨਾ, ਡਾ. ਸ਼ਿਵਰਾਜ ਸਿੰਘ, ਚੰਨੀ ਲਲਹੇੜੀ, ਜੱਸੀ ਚਕੋਹੀ, ਨਛੱਤਰ ਸਿੰਘ ਖੰਨਾ, ਬਿੱਲਾ ਰਾਜਸਥਾਨੀ, ਸ਼ੇਰੂ ਰਾਜਸਥਾਨੀ, ਨਵੀ ਸ਼ਰਮਾ, ਰਾਜੇਸ਼ ਸ਼ਰਮਾ, ਗੌਰਵ ਭੱਟੀਆਂ, ਬਿੱਲਾ ਭੱਟੀਆਂ, ਰਾਜਪਾਲ ਸਿੰਘ ਬੀਪੁਰ, ਨੌਰੰਗ ਸਿੰਘ ਬੀਪੁਰ, ਕੁਲਵਿੰਦਰ ਸਿੰਘ ਬੀਪੁਰ ਆਦਿ ਹਾਜ਼ਰ ਸਨ।

ਬਲਦੇਵ ਸਿੰਘ ਮਠਾੜੂ ਨੂੰ ਦਿੱਤੀ ਅੰਤਿਮ ਵਿਦਾਇਗੀ

ਵੱਖ-ਵੱਖ ਪਾਰਟੀਆਂ ਦੇ ਆਗੂਆਂ ਵਲੋਂ ਦੁੱਖ ਦਾ ਪ੍ਰਗਟਾਵਾ

ਬੀਜਾ, 8 ਦਸੰਬਰ (ਅਵਤਾਰ ਸਿੰਘ ਜੰਟੀ ਮਾਨ)-ਪਿੰਡ ਭੌਰਲਾ ਦੇ ਵਸਨੀਕ ਉੱਘੇ ਆਗੂ ਪ੍ਰੇਮ ਸਿੰਘ ਮਠਾੜੂ, ਹਰਜੀਤ ਸਿੰਘ, ਜਗਤਾਰ ਸਿੰਘ ਦੇ ਪਿਤਾ ਅਤੇ ਨੌਜਵਾਨ ਆਗੂ ਅੰਮ੍ਰਿਤ ਪਾਲ ਸਿੰਘ ਮਠਾੜੂ ਤੇ ਭੁਪਿੰਦਰ ਸਿੰਘ ਸੋਨੀ ਮਠਾੜੂ ਦੇ ਦਾਦਾ ਬਲਦੇਵ ਸਿੰਘ ਮਠਾੜੂ (95) ਆਪਣੇ ਸਵਾਸਾਂ ਦੀ ਪੂੰਜੀ ਨੂੰ ਭੋਗ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਜਿਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਭੌਰਲਾ ਦੀ ਸ਼ਮਸ਼ਾਨਘਾਟ 'ਚ ਪਿਛਲੇ ਦਿਨੀਂ ਕੀਤਾ ਗਿਆ ਹੈ। ਬਲਦੇਵ ਸਿੰਘ ਮਠਾੜੂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਪ੍ਰੇਮ ਸਿੰਘ ਮਠਾੜੂ, ਹਰਜੀਤ ਸਿੰਘ, ਜਗਤਾਰ ਸਿੰਘ ਅਤੇ ਪੁੱਤਰਾਂ ਅੰਮ੍ਰਿਤ ਪਾਲ ਸਿੰਘ ਮਠਾੜੂ ਤੇ ਭੁਪਿੰਦਰ ਸਿੰਘ ਸੋਨੀ ਮਠਾੜੂ ਦੇ ਵਲੋਂ ਵਿਖਾਈ ਗਈ। ਦੱਸਣਯੋਗ ਹੈ ਬਾਪੂ ਦੀ ਪ੍ਰੇਰਨਾ ਸਦਕਾ ਇਸ ਸਮੇਂ ਵੀ ਸਾਰਾ ਪਰਿਵਾਰ ਇੱਕ ਜੁੜਤਾ ਨਾਲ ਇਕ ਸੱਤ ਥੱਲੇ ਰਹਿਣ ਦੇ ਸਨ। ਪਰਿਵਾਰ ਵਲੋਂ ਬਲਦੇਵ ਸਿੰਘ ਮਠਾੜੂ ਦੀ ਅਰਥੀ 'ਤੇ ਫੁੱਲ ਅਤੇ ਗੁਬਾਰੇ ਲਾ ਕੇ ਅਰਥੀ ਨੂੰ ਸਜਾਇਆ ਅੰਤਿਮ ਵਿਦਾਇਗੀ ਦਿੱਤੀ ਗਈ। ਸੈਂਕੜਿਆਂ ਦੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਵਲੋਂ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਸਮੇਂ ਪੰਜਾਬ ਦੀ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਇੰਚਾਰਜ ਰੁਪਿੰਦਰ ਸਿੰਘ ਰਾਜਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਦਵਿੰਦਰ ਸਿੰਘ ਖੱਟੜਾ, ਚੇਅਰਮੈਨ ਇੰਦਰਜੀਤ ਸਿੰਘ ਲੋਪੋਂ, ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਅਕਾਲੀ ਦਲ ਦੇ ਹਲਕਾ ਇੰਚਾਰਜ ਯਾਦਵਿੰਦਰ ਸਿੰਘ ਯਾਦੂ, ਭਾਜਪਾ ਆਗੂ ਸੁਖਵੰਤ ਸਿੰਘ ਟਿੱਲੂ, ਜਥੇਦਾਰ ਨਵਤੇਜ ਸਿੰਘ ਖੱਟੜਾ, ਮੰਜੀ ਸਾਹਿਬ ਦੇ ਮੈਨੇਜਰ ਕੇਹਰ ਸਿੰਘ ਮਗਰ, ਕਟਾਣਾ ਸਾਹਿਬ ਦੇ ਮੈਨੇਜਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਚੇਅਰਮੈਨ ਅਜਮੇਰ ਸਿੰਘ ਪੂਰਬਾ, ਯੂਥ ਆਗੂ ਬਰਜਿੰਦਰ ਸਿੰਘ ਬਬਲੂ ਲੋਪੋਂ, ਬਲਾਕ ਪ੍ਰਧਾਨ ਹਰਦੀਪ ਸਿੰਘ ਘੁੰਗਰਾਲੀ ਰਾਜਪੂਤਾਂ, ਚੇਅਰਮੈਨ ਬੇਅੰਤ ਸਿੰਘ ਜੱਸੀ ਕਿਸ਼ਨਗੜ੍ਹ, ਕਾਂਗਰਸੀ ਆਗੂ ਦਲਵੀਰ ਸਿੰਘ ਸਵੈਚ, ਸਾਬਕਾ ਚੇਅਰਮੈਨ ਭਗਵਾਨ ਸਿੰਘ ਰੁਪਾਲੋਂ, ਪ੍ਰਧਾਨ ਸਰਬਜੀਤ ਸਿੰਘ ਸਰਬੀ, ਸਰਪੰਚ ਪਰਗਟ ਸਿੰਘ ਭੌਰਲਾ, ਸਰਪੰਚ ਜਤਿੰਦਰ ਸਿੰਘ ਜੋਗਾ ਬਲਾਲਾ, ਸਰਪੰਚ ਸੁਖਦੇਵ ਸਿੰਘ ਰੁਪਾਲੋਂ, ਕਿਸਾਨ ਆਗੂ ਰਣਜੋਧ ਸਿੰਘ ਸ਼ੇਰ ਗਿੱਲ, ਪ੍ਰਧਾਨ ਰਣਧੀਰ ਸਿੰਘ ਧੀਰਾ ਹਰਬੇਸਪੁਰ, ਗੁਰਪ੍ਰੀਤ ਸਿੰਘ ਬੈਨੀਪਾਲ, ਜਸਵੰਤ ਸਿੰਘ ਬੀਜਾ, ਜਗਜੀਤ ਸਿੰਘ ਰੁਪਾਲੋਂ, ਲਖਬੀਰ ਸਿੰਘ ਲੱਖਾ, ਗੁਰਦੀਪ ਸਿੰਘ ਦੀਪਾ ਆਦਿ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਬਲਦੇਵ ਸਿੰਘ ਮਠਾੜੂ ਨੂੰ ਅੰਤਿਮ ਵਿਦਾਇਗੀ ਦੇਣ ਸਮੇਂ ਪਰਿਵਾਰਿਕ ਮੈਂਬਰ। (ਹਾਸ਼ੀਏ 'ਚ) ਬਲਦੇਵ ਸਿੰਘ ਮਠਾੜੂ ਦੀ ਪੁਰਾਣੀ ਤਸਵੀਰ। ਅਜੀਤ ਤਸਵੀਰਾਂ

ਸੰਤ ਤੇਜਾ ਸਿੰਘ ਭੋਰਾ ਸਾਹਿਬ ਵਾਲਿਆਂ ਦੀ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ

ਗੁਰਦੁਆਰਾ ਰਾੜਾ ਸਾਹਿਬ ਵਿਖੇ ਬਰਸੀ ਸਮਾਗਮ ਦੌਰਾਨ ਡਾ. ਗੁਰਨਾਮ ਸਿੰਘ ਪਟਿਆਲਾ ਕੀਰਤਨ ਵਿਖਿਆਨ ਕਰਦਿਆਂ ਹੋਏ। ਤਸਵੀਰ : ਮੁਕੰਦਪੁਰੀ

ਰਾੜਾ ਸਾਹਿਬ, 8 ਦਸੰਬਰ (ਪ੍ਰੀਤਮ ਸਿੰਘ ਮੁਕੰਦਪੁਰੀ)-ਸੰਤ ਬਲਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਸੰਤ ਤੇਜਾ ਸਿੰਘ ਭੋਰਾ ਸਾਹਿਬ ਵਾਲਿਆਂ ਦੀ 10ਵੀਂ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਕਰਵਾਇਆ ਗਿਆ। ਜਿਸ 'ਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੁੰਦਿਆਂ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ। ਸਮਾਗਮ 'ਚ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਸ੍ਰੀ ਦਰਬਾਰ ਸਾਹਿਬ, ਕਥਾ ਵਾਚਕ ਗਿਆਨੀ ਜੀਵਾ ਸਿੰਘ, ਕਥਾ ਵਾਚਕ ਭਾਈ ਜਸਵੀਰ ਸਿੰਘ ਲੋਪੋਂ, ਡਾ. ਗੁਰਨਾਮ ਸਿੰਘ ਪਟਿਆਲਾ, ਬਾਬਾ ਰਣਜੀਤ ਸਿੰਘ ਢੀਂਗੀ, ਸੰਤ ਕਸ਼ਮੀਰਾ ਸਿੰਘ ਅਲੋਹਰਾਂ ਵਾਲੇ, ਬਾਬਾ ਭਗਵੰਤ ਸਿੰਘ ਸਿੱਧਸਰ ਭੀਖੀ, ਭਾਈ ਅਰਸ਼ਨੂਰ ਸਿੰਘ, ਬਾਬਾ ਹਰਚੰਦ ਸਿੰਘ ਸਿਆੜ, ਭਾਈ ਮਨਵੀਰ ਸਿੰਘ ਮਨੀ ਰਾੜਾ ਸਾਹਿਬ, ਭਾਈ ਗੁਰਬਖ਼ਸ਼ ਸਿੰਘ ਕੈਨੇਡਾ, ਸੁਆਮੀ ਜਗਦੇਵ ਮੁਨੀ, ਭਾਈ ਲਛਮਣ ਸਿੰਘ ਭਵਾਨੀਗੜ੍ਹ, ਬਾਬਾ ਵਸਾਖਾ ਸਿੰਘ ਕਲਿਆਣ ਤੇ ਰਾਗੀ ਭਾਈ ਗੋਵਿੰਦਰ ਸਿੰਘ ਨੇ ਕੀਰਤਨ ਵਿਖਿਆਨ ਕਰਦਿਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਭਾਈ ਰਣਧੀਰ ਸਿੰਘ ਢੀਂਡਸਾ ਨੇ ਸਟੇਜ ਸੰਚਾਲਨ ਕੀਤਾ। ਇਸ ਮੌਕੇ ਗਿਆਨੀ ਅਜਵਿੰਦਰ ਸਿੰਘ ਮੁੱਖ ਗ੍ਰੰਥੀ, ਬਾਬਾ ਬਲਵੀਰ ਸਿੰਘ ਜਲੰਧਰ, ਭਾਈ ਹਰਚੰਦ ਸਿੰਘ ਚੰਡੀਗੜ੍ਹ, ਬਾਬਾ ਮਨਦੀਪ ਸਿੰਘ ਅਤਰਸਰ, ਭਾਈ ਬਲਦੇਵ ਸਿੰਘ, ਬਾਬਾ ਦਲਜੀਤ ਸਿੰਘ ਅੜ੍ਹੈਚਾਂ, ਬਾਬਾ ਪਿਆਰਾ ਸਿੰਘ, ਬਾਬਾ ਰੌਸ਼ਨ ਸਿੰਘ ਧਬਲਾਨ, ਬਾਬਾ ਗੁਰਮੁਖ ਸਿੰਘ ਆਲੋਵਾਲ, ਬਾਬਾ ਜੀਵਨ ਸਿੰਘ ਮਸੀਤਾਂ, ਬਾਬਾ ਅਮਰ ਸਿੰਘ ਭੋਰਾ ਸਾਹਿਬ, ਟਰੱਸਟੀ ਭਾਈ ਗੁਰਨਾਮ ਸਿੰਘ ਅੜ੍ਹੈਚਾਂ, ਟਰੱਸਟੀ ਭਾਈ ਮਲਕੀਤ ਸਿੰਘ ਪਨੇਸਰ, ਟਰੱਸਟੀ ਮਨਿੰਦਰਜੀਤ ਸਿੰਘ ਬੈਨੀਪਾਲ, ਟਰੱਸਟੀ ਡਾ. ਗੁਰਨਾਮ ਕੌਰ ਚੰਡੀਗੜ੍ਹ, ਭਾਈ ਅਮਰ ਸਿੰਘ, ਭਵਪ੍ਰੀਤ ਸਿੰਘ ਮੁੰਡੀ, ਭਾਈ ਬਾਵਾ ਸਿੰਘ, ਭਾਈ ਪਰਮਜੀਤ ਸਿੰਘ ਤੇ ਭਾਈ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਗੀਤਕਾਰ ਸਭਾ ਘੁੜਾਣੀ ਕਲਾਂ ਦੇ ਵੱਖ-ਵੱਖ ਮੈਂਬਰ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਹੋਏ। ਤਸਵੀਰ : ਸੁਖਵੀਰ ਸਿੰਘ ਚਣਕੋਈਆਂ

ਗੀਤਕਾਰ ਸਭਾ ਘੁੜਾਣੀ ਕਲਾਂ ਦੀ ਮੀਟਿੰਗ

ਰਾੜਾ ਸਾਹਿਬ, 8 ਦਸੰਬਰ (ਸੁਖਵੀਰ ਸਿੰਘ ਚਣਕੋਈਆਂ)-ਗੀਤਕਾਰ ਸਭਾ ਘੁੜਾਣੀ ਕਲਾਂ ਦੀ ਮੀਟਿੰਗ ਮੁਮਤਾਜ਼ ਤਾ